◆ ADVT ◆
ਇੱਥੇ ਇਸ਼ਤਿਹਾਰ ਦਿਓ
98700 06472 · need24.digital


NEED24 NEWS
ਨੀਡ 24 ਨਿਊਜ਼
ਹਰ ਖ਼ਬਰ, ਹਰ ਸ਼ਹਿਰ

◆ ADVT ◆
ਇੱਥੇ ਇਸ਼ਤਿਹਾਰ ਦਿਓ
98700 06472 · need24.digital

DIGITAL E-PAPER

PRGI APPLICATION UNDER PROCESS
Application No. T/GJ/2026/0619/2304/1577
GST GSTIN 24CINPG0564Q1ZT
UDYAM REGISTERED UDYAM-GJ-14-0003714
◆ DIGITAL NEWS NETWORK ◆
ਭਾਰਤ ਦਾ ਭਰੋਸੇਮੰਦ ਬਹੁਭਾਸ਼ੀ ਡਿਜੀਟਲ ਨਿਊਜ਼ ਨੈੱਟਵਰਕ
11+ Languages | 24×7 Live | e-Paper Daily
ਸਾਡੀ App ਡਾਊਨਲੋਡ ਕਰੋ
Download on the App Store
GET IT ON Google Play
www.need24.digital
info@need24.in
+91 98700 06472
FOLLOW US:
तेज़ | सटीक | निष्पक्ष | जनहित में | सच की आवाज़ | जन-जन की आवाज़ | निडर पत्रकारिता

ਪਿੰਡ ਜੌਹਲ ਰਾਜੂ ਸਿੰਘ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਅਖੰਡ ਪਾਠ ਸਾਹਿਬ ਅਰੰਭ ਕਰਵਾਇਆ



ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਜਿੱਥੇ ਸਾਰੇ ਸੰਸਾਰ ਭਰ ਦੇ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਉੱਥੇ ਹੀ ਪਿੰਡ ਜੌਹਲ ਰਾਜੂ ਸਿੰਘ ਦੀ ਸੰਗਤ ਵੱਲੋਂ ਵੀ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਅੱਜ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਆਰੰਭ ਕਰਵਾਇਆ ਗਿਆ। ਜਿੱਥੇ ਸੰਗਤਾਂ ਨੇ ਗੁਰਬਾਣੀ ਦਾ ਅਨੰਦ ਮਾਣਿਆ ਉੱਥੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਿਆ।

— Parkash singh

ਮਿਤੀ 23.11.26 ਨੂੰ SDM ਸਾਹਿਬ ਕਰਨਗੇ ZOOM ਮੀਟਿੰਗ

ਤਰਨ ਤਾਰਨ 23 ਨਵੰਬਰ (ਪ੍ਰਕਾਸ਼ ਸਿੰਘ) ਵਿਧਾਨ ਸਭਾ ਹਲਕਾ 021 ਤਰਨ ਤਾਰਨ ਦੇ ਅੰਦਰ ਆਉਂਦੇ ਸਾਰੇ ਸਰਕਾਰੀ/ਅਰਧ ਸਰਕਾਰੀ/ਪ੍ਰਾਈਵੇਟ (ਕੇਵਲ ਸੀਨੀਅਰ ਸੈਕੰਡਰੀ ਸਕੂਲ ਅਤੇ ਕਾਲਜ ਦੇ ਪ੍ਰਿੰਸੀਪਲ/ ਇੰਚਾਰਜ ਸਾਹਿਬਾਨ ਅਤੇ ਸਕੂਲ ਸਵੀਪ ਨੋਡਲ ਅਧਿਆਪਕ) ਕੱਲ੍ਹ ਮਿਤੀ 23.11.2026 ਨੂੰ ਸਵੇਰੇ 10 ਵਜੇ ਆਪ ਜੀ ਨਾਲ SDM ਸਾਹਿਬ ਵੱਲੋਂ ZOOM ONLINE ਮੀਟਿੰਗ ਕੀਤੀ

— Parkash singh

ਸਾਬਕਾ ਸਰਪੰਚ ਸਤਪਾਲ ਸਿੰਘ ਲਾਡੀ ਜੌਹਲ ਨੂੰ ਸਦਮਾ ਪਤਨੀ ਦਾ ਹੋਇਆ ਦਿਹਾਂਤ

ਤਰਨ ਤਾਰਨ 22 ਨਵੰਬਰ (ਪ੍ਰਕਾਸ਼ ਸਿੰਘ) ਸ:ਰਾਜਬੀਰ ਸਿੰਘ ਭੁਲਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਤਰਨ ਤਾਰਨ।ਅੱਜ ਪਿੰਡ ਜੌਹਲ ਰਾਜੂ ਸਿੰਘ ਵਿਖੇ ਸ:ਸਤਪਾਲ ਸਿੰਘ ਜੌਹਲ ਸਾਬਕਾ ਸਰਪੰਚ ਜਿਨ੍ਹਾਂ ਦੀ ਧਰਮ ਪਤਨੀ ਜੋ ਕੁਝ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ ।ਉਨ੍ਹਾਂ ਦੇ ਗ੍ਰਹਿ ਵਿਖੇ ਅਫ਼ਸੋਸ ਕਰਨ ਲਈ ਪਹੁੰਚੇ ।ਉਨ੍ਹਾਂ ਕਿਹਾ ਕੇ ਮੇਰੇ ਬਹੁਤ ਹੀ ਅਜ਼ੀਜ਼ ਛੋਟੇ ਭਰਾ ਸਾਬ

— Parkash singh

SPORTS

IND Vs PAK: TEAM INDIA ਨੂੰ ਮਿਲਿਆ 314 ਦੌੜਾਂ ਦਾ ਟੀਚਾ, ਅਭਿਸ਼ੇਕ ਤੇ ਸੂਰਿਆਵੰਸ਼ੀ ''ਤੇ ਰਹਿਣਗੀਆਂ ਨਜ਼ਰਾਂ Sunday, Nov 22, 2026



Sunday, Nov 22, 2026 । ਸਪੋਰਸਟ ਡੈਸਕ: ਅੱਜ ਏਸ਼ੀਆ ਕੱਪ ਰਾਈਜ਼ਿੰਗ ਸਟਾਰਜ਼ 2026 ਵਿਚ ਭਾਰਤ ਏ ਅਤੇ ਪਾਕਿਸਤਾਨ ਏ ਵਿਚਾਲੇ ਮੁਕਾਬਲਾ ਹੋ ਰਿਹਾ ਹੈ। ਦੋਹਾ ਵਿਚ ਹੋ ਰਹੇ ਇਸ ਮੈਚ ਵਿਚ ਪਾਕਿਸਤਾਨ ਦੀ ਟੀਮ ਪਹਿਲਾਂ ਬੱਲੇਬਾਜ਼ੀ ਕਰਦਿਆਂ 313 ਦੌੜਾਂ 'ਤੇ ਆਲ ਆਊਟ ਹੋ ਗਈ ਹੈ ਤੇ ਭਾਰਤ ਨੂੰ ਜਿੱਤ ਲਈ ਨਿਰਧਾਰਤ 50 ਓਵਰਾਂ ਵਿਚ 314 ਦੌੜਾਂ ਦਾ ਟੀਚਾ ਮਿਲਿਆ ਹੈ। ਹੁਣ ਭਾਰਤੀ ਫੈਨਜ਼ ਦੀਆਂ ਨਜ਼ਰਾਂ ਅਭਿਸ਼ੇਕ ਸ਼ਰਮਾ ਅਤੇ ਵੈਭਵ ਸੂਰਿਆਵੰਸ਼ੀ 'ਤੇ ਰਹਿਣਗੀਆਂ ਕਿ ਉਹ ਆਪਣੇ ਅੰਦਾਜ਼ ਵਿਚ ਟੀਮ ਨੂੰ ਧਮਾਕੇਦਾਰ ਅਤੇ ਮਜ਼ਬੂਤ ਸ਼ੁਰੂਆਤ ਦਿਵਾਉਣ, ਤਾਂ ਜੋ ਟੀਮ ਇਹ ਵੱਡਾ ਟੀਚਾ ਹਾਸਲ ਕਰ ਸਕੇ।

ਪਹਿਲਾਂ ਬੱਲੇਬਾਜ਼ੀ ਕਰਦਿਆਂ ਪਾਕਿਸਤਾਨ ਦੇ 3 ਬੱਲੇਬਾਜ਼ਾਂ ਨੇ 50+ ਦੌੜਾਂ ਬਣਾਈਆਂ। ਸਲਾਮੀ ਬੱਲੇਬਾਜ਼ ਮਾਜ਼ ਸਦਾਕਤ ਨੇ 59, ਹਸਨ ਨਵਾਜ਼ ਨੇ 79 ਅਤੇ ਫਰਹਾਨ ਯੂਸਫ਼ ਨੇ 56 ਦੌੜਾਂ ਬਣਾਈਆਂ। ਭਾਰਤ ਵੱਲੋਂ ਹਰਸ਼ਿਤ ਰਾਣਾ, ਪ੍ਰਿੰਸ ਯਾਦਵ, ਸੂਰਿਆਂਸ਼ ਸ਼ੇਡਗੇ ਅਤੇ ਵਿਪਰਜ ਨਿਗਮ ਨੇ 2-2 ਅਤੇ ਆਯੂਸ਼ ਬਡੋਨੀ ਨੇ 1 ਵਿਕਟ ਹਾਸਲ ਕੀਤੀ। ਅਭਿਸ਼ੇਕ ਸ਼ਰਮਾ ਨੇ ਵੀ ਵਿਚੋਂ ਕੁਝ ਓਵਰਾਂ ਲਈ ਕਿਫ਼ਾਇਤੀ ਗੇਂਦਬਾਜ਼ੀ ਕੀਤੀ।

— Shamsher Singh

WEATHER

ਪੰਜਾਬ ਦੇ 10 ਜ਼ਿਲ੍ਹਿਆਂ 'ਚ ਸੰਘਣੀ ਧੁੰਦ ਦਾ Alert! ਮੌਸਮ ਵਿਭਾਗ ਨੇ ਕੀਤੀ 5 ਦਿਨਾਂ ਲਈ ਵੱਡੀ ਭਵਿੱਖਬਾਣੀ



ਪੰਜਾਬ ਦੇ 10 ਜ਼ਿਲ੍ਹਿਆਂ 'ਚ ਸੰਘਣੀ ਧੁੰਦ ਦਾ Alert! ਮੌਸਮ ਵਿਭਾਗ ਨੇ ਕੀਤੀ 5 ਦਿਨਾਂ ਲਈ ਵੱਡੀ ਭਵਿੱਖਬਾਣੀ

Sunday, Nov 22, 2026।

ਜਲੰਧਰ (ਵੈੱਬ ਡੈਸਕ)- ਪੰਜਾਬ ਦੇ ਮੌਸਮ ਦੀ ਵੱਡੀ ਅਪਡੇਟ ਸਾਹਮਣੇ ਆਈ ਹੈ। ਪੰਜਾਬ ਤੇ ਚੰਡੀਗੜ੍ਹ 'ਚ ਆਉਣ ਵਾਲੇ ਦਿਨਾਂ ਦੌਰਾਨ ਮੌਸਮ ਖੁਸ਼ਕ ਰਹਿਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਅਨੁਸਾਰ 27 ਨਵੰਬਰ ਤੱਕ ਮੌਸਮ 'ਚ ਕਿਸੇ ਵੱਡੇ ਬਦਲਾਅ ਦੇ ਆਸਾਰ ਨਹੀਂ ਹਨ ਅਤੇ ਸੂਬੇ 'ਚ ਫਿਲਹਾਲ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ। ਇਸ ਦੌਰਾਨ ਪੰਜਾਬ ਦੇ ਘੱਟੋ-ਘੱਟ ਤਾਪਮਾਨ ਵਿੱਚ 1.9 ਡਿਗਰੀ ਸੈਲਸੀਅਸ ਦਾ ਵਾਧਾ ਦਰਜ ਕੀਤਾ ਗਿਆ ਹੈ, ਜਿਸ ਨਾਲ ਇਹ ਆਮ ਨਾਲੋਂ 1.8 ਡਿਗਰੀ ਵੱਧ ਹੋ ਗਿਆ ਹੈ।

ਮੌਸਮ ਵਿਭਾਗ ਵੱਲੋਂ ਅੱਜ ਲਈ ਕੀਤੀ ਗਈ ਭਵਿੱਖਬਾਣੀ ਮੁਤਾਬਕ ਸੂਬੇ ਦੇ ਉੱਤਰੀ ਅਤੇ ਮੱਧ-ਪੂਰਬੀ ਜ਼ਿਲ੍ਹਿਆਂ ਵਿੱਚ ਕੁੱਝ ਥਾਵਾਂ 'ਤੇ ਸੰਘਣੀ ਧੁੰਦ ਪੈਣ ਦੀ ਸੰਭਾਵਨਾ ਜਤਾਈ ਗਈ ਹੈ। ਵਿਭਾਗ ਨੇ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਕਪੂਰਥਲਾ, ਜਲੰਧਰ, ਨਵਾਂਸ਼ਹਿਰ, ਰੂਪਨਗਰ, ਮੋਹਾਲੀ ਅਤੇ ਫ਼ਤਿਹਗੜ੍ਹ ਸਾਹਿਬ ਵਿਚ ਸੰਘਣੀ ਧੁੰਦ ਦਾ ਅਲਰਟ ਜਾਰੀ ਕੀਤਾ ਹੈ ਜਦਕਿ ਬਾਕੀ ਜ਼ਿਲ੍ਹਿਆਂ ਵਿਚ ਕੋਈ ਚਿਤਾਵਨੀ ਜਾਰੀ ਨਹੀਂ ਕੀਤੀ ਹੈ।

23 ਤੋਂ ਲੈ ਕੇ 27 ਨਵੰਬਰ ਤੱਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਕੋਈ ਮੌਸਮੀ ਚਿਤਾਵਨੀ ਨਹੀਂ ਹੈ, ਜਿਸ ਮੁਤਾਬਕ ਮੌਸਮ ਸਾਫ਼ ਅਤੇ ਆਮ ਰਹਿਣ ਦੀ ਸੰਭਾਵਨਾ ਹੈ। ਮੌਸਮ ਦੇ ਜਾਣਕਾਰਾਂ ਮੁਤਾਬਕ ਉੱਤਰ-ਪੱਛਮੀ ਦਿਸ਼ਾ ਤੋਂ ਆਉਣ ਵਾਲੀਆਂ ਠੰਢੀਆਂ ਹਵਾਵਾਂ ਮੈਦਾਨੀ ਇਲਾਕਿਆਂ ਦੇ ਤਾਪਮਾਨ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਇਨ੍ਹਾਂ ਹਵਾਵਾਂ ਕਾਰਨ ਸਵੇਰੇ ਅਤੇ ਰਾਤ ਦੇ ਸਮੇਂ ਠੰਡ ਦਾ ਅਹਿਸਾਸ ਵਧੇਗਾ, ਜਦਕਿ ਦਿਨ ਵੇਲੇ ਧੁੱਪ ਨਿਕਲਣ ਕਾਰਨ ਤਾਪਮਾਨ ਆਮ ਰਹਿਣ ਦੀ ਉਮੀਦ ਹੈ। ਹਾਲਾਂਕਿ ਫਿਲਹਾਲ ਸੂਬੇ 'ਚ ਸੀਤ ਲਹਿਰ ਵਰਗੀ ਸਥਿਤੀ ਨਹੀਂ ਬਣੀ ਹੈ।

— Shamsher Singh

ENTERTAINMENT

ਸੇਵਾ ਤੇ ਵੰਡ ਛਕਣ ਦਾ ਰੂਹਾਨੀ ਸੁਨੇਹਾ ਦਿੰਦੀ ਹੈ Pinkoo TV ਦੀ ਨਵੀਂ ਵੀਡੀਓ 'ਗੁਰੂ ਕਾ ਲੰਗਰ'



ਸੇਵਾ ਤੇ ਵੰਡ ਛਕਣ ਦਾ ਰੂਹਾਨੀ ਸੁਨੇਹਾ ਦਿੰਦੀ ਹੈ Pinkoo TV ਦੀ ਨਵੀਂ ਵੀਡੀਓ 'ਗੁਰੂ ਕਾ ਲੰਗਰ'

Sunday, Nov 22, 2026।

ਜਲੰਧਰ (ਵੈੱਬ ਡੈਸਕ)- ਬੱਚਿਆਂ ਦੇ ਮਨੋਰੰਜਨ ਅਤੇ ਸਿੱਖਿਆ ਲਈ ਜਾਣੇ ਜਾਂਦੇ ਯੂ-ਟਿਊਬ ਚੈਨਲ 'ਪਿੰਕੂ ਟੀ. ਵੀ' ਵੱਲੋਂ ਇਕ ਨਵੀਂ ਵੀਡੀਓ 'ਗੁਰੂ ਕਾ ਲੰਗਰ' ਜਾਰੀ ਕੀਤੀ ਗਈ ਹੈ। ਇਸ ਵੀਡੀਓ ਰਾਹੀਂ ਬੱਚਿਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆ ਨੂੰ ਲੈ ਕੇ ਸੁਨੇਹਾ ਦਿੱਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਮੌਕੇ ਪਿੰਕੂ ਟੀ. ਵੀ. ਵੱਲੋਂ ਜਾਰੀ ਕੀਤੀ ਗਈ ਵੀਡੀਓ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ ਧਰਮ 'ਚ ਆਰੰਭ ਕੀਤੀ ਗਈ ਲੰਗਰ ਦੀ ਪਵਿੱਤਰ ਪ੍ਰਥਾ ਸਮੁੱਚੀ ਮਨੁੱਖਤਾ ਲਈ ਬਰਾਬਰੀ ਅਤੇ ਪ੍ਰੇਮ ਦਾ ਵੱਡਾ ਸੁਨੇਹਾ ਦਿੱਤਾ ਗਿਆ ਹੈ। ਇਸ ਮਹਾਨ ਪ੍ਰਥਾ ਰਾਹੀਂ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਆਪਣੀ ਨੇਕ ਕਮਾਈ ਵਿੱਚੋਂ ਦਸਵੰਧ ਕੱਢਣ, ਮਿਲ ਕੇ ਵੰਡ ਛਕਣ ਅਤੇ ਆਪਸੀ ਪਿਆਰ ਨਾਲ ਰਹਿਣ ਦਾ ਰੂਹਾਨੀ ਪਾਠ ਪੜ੍ਹਾਇਆ ਹੈ।

ਵੀਡੀਓ ਵਿਚ ਦਰਸਾਇਆ ਗਿਆ ਹੈ ਕਿ ਗੁਰੂ ਕੇ ਲੰਗਰ ਦੀ ਤਿਆਰੀ ਪੂਰੀ ਸ਼ਰਧਾ ਨਾਲ ਪਵਿੱਤਰ ਬਾਣੀ ਦਾ ਪਾਠ ਕਰਦਿਆਂ ਕੀਤੀ ਜਾਂਦੀ ਹੈ। ਲੰਗਰ ਤਿਆਰ ਹੋਣ ਤੋਂ ਬਾਅਦ ਸਭ ਤੋਂ ਪਹਿਲਾਂ ਅਰਦਾਸ ਕਰਕੇ ਗੁਰੂ ਸਾਹਿਬ ਨੂੰ ਭੋਗ ਲਗਾਇਆ ਜਾਂਦਾ ਹੈ। ਇਸ ਉਪਰੰਤ ਸੇਵਾਦਾਰ ਬੜੀ ਨਿਮਰਤਾ ਨਾਲ ਪੰਗਤ 'ਚ ਬੈਠੀਆਂ ਸੰਗਤਾਂ ਨੂੰ ਲੰਗਰ ਵਰਤਾਉਂਦੇ ਹਨ।

— Shamsher Singh

POLITICS

ਕਾਂਗਰਸ ''ਚੋਂ ਮੁਅੱਤਲ ਮਦਨ ਲਾਲ ਜਲਾਲਪੁਰ ਦੇ ਘਰ ਪਹੁੰਚੇ ਚਰਨਜੀਤ ਸਿੰਘ ਚੰਨੀ, ਆਖ਼ੀ ਇਹ ਗੱਲ



ਕਾਂਗਰਸ "ਚੋਂ ਮੁਅੱਤਲ ਮਦਨ ਲਾਲ ਜਲਾਲਪੁਰ ਦੇ ਘਰ ਪਹੁੰਚੇ ਚਰਨਜੀਤ ਸਿੰਘ ਚੰਨੀ, ਆਖ਼ੀ ਇਹ ਗੱਲ

Sunday, Nov 22, 2026 ।

ਪਟਿਆਲਾ (ssm): ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਕਾਂਗਰਸ ਪਾਰਟੀ ਵੱਲੋਂ ਮੁਅੱਤਲ ਕੀਤੇ ਗਏ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਦੇ ਗ੍ਰਹਿ ਵਿਖੇ ਪਹੁੰਚੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚਰਨਜੀਤ ਸਿੰਘ ਚੰਨੀ ਨੇ ਆਖ਼ਿਆ ਕਿ ਕਾਂਗਰਸ ਪਾਰਟੀ ਮਦਨ ਲਾਲ ਜਲਾਲਪੁਰ ਵਰਗੇ ਲੀਡਰਾਂ ਨੂੰ ਗੁਆ ਨਹੀਂ ਸਕਦੇ ਤੇ ਸਾਰੇ ਮਸਲੇ ਹੱਲ ਕਰ ਲਏ ਜਾਣਗੇ।

ਇੱਥੇ ਪ੍ਰੈੱਸ ਕਾਨਫ਼ਰੰਸ ਦੌਰਾਨ ਮਦਨ ਲਾਲ ਜਲਾਲਪੁਰ ਦੀ ਮੁਅੱਤਲੀ ਬਾਰੇ ਪੁੱਛੇ ਜਾਣ 'ਤੇ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਹਰ ਮਸਲੇ ਦਾ ਹੱਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮਦਨ ਲਾਲ ਜਲਾਲਪੁਰ ਸਾਡਾ ਭਰਾ ਹੈ ਤੇ ਕਾਂਗਰਸ ਪਾਰਟੀ ਦਾ ਨਿਧੱੜਕ ਲੀਡਰ ਹੈ, ਇਸ ਨੂੰ ਅਸੀਂ ਗੁਆ ਨਹੀਂ ਸਕਦੇ।

ਛੱਡ ਕੇ ਭਾਜਪਾ ਵਿਚ ਗਏ ਸਾਬਕਾ ਵਿਧਾਇਕ ਹਰਦਿਆਲ ਕੰਬੋਜ 'ਤੇ ਵੀ ਤਿੱਖੇ ਨਿਸ਼ਾਨੇ ਵਿੰਨ੍ਹੇ। ਉਨ੍ਹਾਂ ਆਖ਼ਿਆ ਕਿ ਰਾਜਪੁਰਾ ਦੇ ਵਰਕਰ ਇਸ ਗੱਲੋਂ ਕਾਫ਼ੀ ਖੁਸ਼ ਹਨ ਕਿ ਬਾਹਰੋਂ ਆਏ ਲੋਕਾਂ ਵੱਲੋਂ ਪਾਰਟੀ 'ਤੇ ਜੋ ਕਬਜ਼ਾ ਕੀਤਾ ਹੋਇਆ ਸੀ, ਉਹ ਹੁਣ ਇਸ ਤੋਂ ਮੁਕਤ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇੱਥੇ ਲੋਕਾਂ ਨੇ ਹਾਈਕਮਾਂਡ ਲਈ ਇਕ ਸੁਨੇਹਾ ਦਿੱਤਾ ਹੈ ਕਿ ਉਹ ਇੱਥੋਂ ਰਾਜਪੁਰਾ ਦੇ ਹੀ ਕਿਸੇ ਵਿਅਕਤੀ ਨੂੰ ਟਿਕਟ ਦੇਣ ਤੇ ਉਹ ਸਭ ਤੋਂ ਵੱਧ ਲੀਡ ਨਾਲ ਇਹ ਸੀਟ ਕਾਂਗਰਸ ਦੀ ਝੋਲੀ ਵਿਚ ਪਾਉਣਗੇ।

— Shamsher Singh

LOCAL

ਹੋਸ਼ਿਆਰਪੁਰ-ਮਾਲਪੁਰ ਰਸਤੇ ਬੇਕਾਬੂ ਟਰੱਕ ਕਾਰਨ ਹਾਦਸਾ, ਕਈ ਡਰਾਈਵਰਾਂ ਨੂੰ ਚੋਟ



ਹੋਸ਼ਿਆਰਪੁਰ ਤੋਂ ਮਾਲਪੁਰ ਵੱਲ ਜਾਂਦੇ ਹੋਏ ਰਸਤੇ ਇੱਕ ਗੰਭੀਰ ਹਾਦਸਾ ਹੋਇਆ, ਜਿਸ ਵਿੱਚ ਇੱਕ ਟਰੱਕ ਬੇਕਾਬੂ ਹੋ ਕੇ ਰਸਤੇ ਵਿੱਚ ਟੱਕਰ ਮਾਰ ਗਿਆ।

ਇਸ ਹਾਦਸੇ ਕਾਰਨ ਕੁਝ ਡਰਾਈਵਰਾਂ ਨੂੰ ਚੋਟ ਲੱਗੀ, ਜਦਕਿ ਬਾਕੀ ਯਾਤਰੀਆਂ ਦੀ ਹਾਲਤ ਠੀਕ ਰਹੀ। ਇਮਰਜੈਂਸੀ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਜ਼ਖਮੀ ਲੋਕਾਂ ਨੂੰ ਨੇੜਲੇ ਹਸਪਤਾਲ ਵਿੱਚ ਲਿਜਾਇਆ।

ਪੁਲਿਸ ਨੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਅਤੇ ਰਸਤੇ ਨੂੰ ਕੁਝ ਸਮੇਂ ਲਈ ਬੰਦ ਕਰਕੇ ਟਰੈਫਿਕ ਨੂੰ ਵਿਭਿੰਨ ਰਸਤੇ 'ਤੇ ਮੋੜਿਆ। ਅਧਿਕਾਰੀਆਂ ਨੇ ਯਾਤਰੀਆਂ ਨੂੰ ਸਲਾਹ ਦਿੱਤੀ ਕਿ ਉਹ ਸਾਵਧਾਨੀ ਨਾਲ ਡਰਾਈਵਿੰਗ ਕਰਣ ਅਤੇ ਕਿਸੇ ਵੀ ਅਸਧਾਰਨ ਹਾਲਤ ਦੀ ਤੁਰੰਤ ਸੂਚਨਾ ਦੇਣ।

— Amandeep Singh

LOCAL

ਸਕੂਲ ਬੱਸ ਡਰਾਈਵਰਾਂ ਨੂੰ ਬੱਚਿਆਂ ਦੀ ਸੁਰੱਖਿਆ ਲਈ ਨਵੀਂ ਹਦਾਇਤ



ਸਥਾਨਕ ਸਕੂਲ ਬੱਸਾਂ ਦੇ ਡਰਾਈਵਰਾਂ ਨੂੰ ਅੱਜ ਇੱਕ ਮਹੱਤਵਪੂਰਨ ਹਦਾਇਤ ਦਿੱਤੀ ਗਈ ਹੈ ਕਿ ਬੱਚਿਆਂ ਨੂੰ ਉਤਾਰਦੇ ਸਮੇਂ ਸਹਾਇਕ ਨੂੰ ਕਹਿਣ ਕਿ ਉਹ ਬੱਚਿਆਂ ਨੂੰ ਦੂਜੇ ਪਾਸੇ ਸੁਰੱਖਿਅਤ ਤਰੀਕੇ ਨਾਲ ਛੱਡਣ।

ਇਸ ਹਦਾਇਤ ਦੇ ਮੁਤਾਬਕ, ਡਰਾਈਵਰਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਬੱਚੇ ਗੱਡੀ ਤੋਂ ਬਾਹਰ ਹੋਣ ਤੋਂ ਪਹਿਲਾਂ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਸੜਕ ਦੇ ਦੂਜੇ ਪਾਸੇ ਲਿਜਾਣ ਤੋਂ ਪਹਿਲਾਂ ਹੈਲਪਰ ਦੀ ਸਹਾਇਤਾ ਲੈਣ।

ਇਹ ਕਦਮ ਇਸ ਲਈ ਲਿਆ ਗਿਆ ਹੈ ਕਿ ਬੱਚਿਆਂ ਦੀ ਗਲਤੀ ਜਾਂ ਲਾਪਰਵਾਹੀ ਕਾਰਨ ਹੋ ਸਕਣ ਵਾਲੀਆਂ ਦੁਰਘਟਨਾਵਾਂ ਨੂੰ ਰੋਕਿਆ ਜਾ ਸਕੇ, ਕਿਉਂਕਿ ਪਹਿਲਾਂ ਵੀ ਕਈ ਵਾਰ ਐਸੀਆਂ ਘਟਨਾਵਾਂ ਵਿੱਚ ਬੱਚਿਆਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਸੀ।

— Amandeep Singh

RELIGION

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸ੍ਰੀ ਬੇਰ ਸਾਹਿਬ ’ਚ ਜੋੜ ਮੇਲਾ ਸ਼ੁਰੂ



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸ੍ਰੀ ਬੇਰ ਸਾਹਿਬ ’ਚ ਜੋੜ ਮੇਲਾ ਸ਼ੁਰੂ

Sunday, Nov 22, 2026।

ਧਰਮ ਦੇ ਬਾਨੀ ਮਨੁੱਖਤਾ ਦੇ ਰਹਿਬਰ ਸਾਹਿਬ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਦੀ ਖ਼ੁਸ਼ੀ ਵਿਚ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਜੀ ਸੁਲਤਾਨਪੁਰ ਲੋਧੀ ਵਿਖੇ ਅੱਜ ਤੋਂ ਹੀ ਪੁੱਜੀਆਂ ਭਾਰੀ ਗਿਣਤੀ ਸੰਗਤਾਂ ਨਾਲ ਜੋੜ ਮੇਲਾ ਸ਼ੁਰੂ ਹੋ ਗਿਆ ਹੈ। ਸਵੇਰ ਤੋਂ ਹੀ ਦੂਰ-ਦੁਰਾਡੇ ਤੋਂ ਸੰਗਤਾਂ ਗੱਡੀਆਂ ਕਾਰਾਂ, ਜੀਪਾਂ ਰਾਹੀਂ ਗੁਰਦੁਆਰਾ ਬੇਰ ਸਾਹਿਬ ਲਈ ਪੁੱਜ ਰਹੀਆਂ ਸਨ, ਜਿਨ੍ਹਾਂ ਨੂੰ ਪਾਰਕਿੰਗ ਲਈ ਕਾਫ਼ੀ ਜੱਦੋ-ਜ਼ਹਿਦ ਕਰਨੀ ਪਈ। ਟਰੈਫਿਕ ਕੰਟਰੋਲ ਕਰਨ ਲਈ ਅੱਜ ਸਵੇਰ ਤੋਂ ਦੁਪਹਿਰ ਤੱਕ ਪੁਲਸ ਦਾ ਕੋਈ ਵੀ ਚੰਗੇ ਪ੍ਰਬੰਧ ਨਾ ਹੋਣ ਕਾਰਨ ਸੰਗਤਾਂ ਜਾਮ ਵਿਚ ਲੰਮਾ ਸਮਾਂ ਫਸੀਆਂ ਰਹੀਆਂ।

ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਜ ਵੀ ਵੱਖ-ਵੱਖ ਥਾਵਾਂ ਤੋਂ ਪੈਦਲ ਯਾਤਰਾ ਅਤੇ ਨਗਰ ਕੀਰਤਨ ਗੁਰਦੁਆਰਾ ਸ੍ਰੀ ਬੇਰ ਸਾਹਿਬ ਪੁੱਜੇ ਅਤੇ ਸੰਗਤਾਂ ਨਤਮਸਤਕ ਹੋ ਕੇ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ। ਗੁਰਦੁਆਰਾ ਬੇਰ ਸਾਹਿਬ ਦਰਬਾਰ ਅੰਦਰ ਅਤੇ ਦਰਸ਼ਨੀ ਡਿਉੜੀ ਤੋਂ ਮੁੱਖ ਰਸਤੇ ਵਿਚ ਫੁੱਲਾਂ ਨਾਲ ਸ਼ਰਧਾਲੂਆਂ ਵੱਲੋਂ ਕੀਤੀ ਮਨਮੋਹਣੀ ਸਜਾਵਟ ਵੇਖ ਕੇ ਸੰਗਤਾਂ ਨੇ ਦਰਬਾਰ ਦੇ ਬਾਹਰ ਖੂਬ ਸੈਲਫੀਆਂ ਕੀਤੀਆਂ। ਇਸ ਸਮੇ ਵੱਖ ਵੱਖ ਪਿੰਡਾਂ ਤੇ ਦੂਜੇ ਸ਼ਹਿਰਾਂ ਤੋਂ ਸਜਾਏ ਨਗਰ ਕੀਰਤਨ ਅਤੇ ਪੈਦਲ ਯਾਤਰਾਵਾਂ ਗੁਰਦੁਆਰਾ ਬੇਰ ਸਾਹਿਬ ਪੁੱਜ ਰਹੀਆਂ ਹਨ। ਵੱਡੀ ਗਿਣਤੀ ਸੰਗਤਾਂ ਦਰਸ਼ਨ ਕਰਕੇ ਨਿਹਾਲ ਹੋ ਰਹੀਆਂ ਹਨ।

ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਅੰਦਰ ਸਜੇ ਅੱਜ ਦੇ ਦੀਵਾਨ ਵਿਚ ਬੇਰ ਸਾਹਿਬ ਦੇ ਹਜੂਰੀ ਰਾਗੀ ਭਾਈ ਕੰਵਲਜੀਤ ਸਿੰਘ, ਭਾਈ ਜੁਝਾਰ ਸਿੰਘ ਰਾਗੀ ਬੇਰ ਸਾਹਿਬ, ਭਾਈ ਦਿਲਬਾਗ ਸਿੰਘ ਪ੍ਰਧਾਨ ਰਾਗੀ ਸਭਾ, ਭਾਈ ਰੋਬਿਨਜੀਤ ਸਿੰਘ, ਭਾਈ ਗੁਰਸੇਵਕ ਸਿੰਘ, ਭਾਈ ਸੰਤੋਖ ਸਿੰਘ, ਭਾਈ ਗੁਰਪ੍ਰੀਤ ਸਿੰਘ ਆਦਿ ਹੋਰ ਰਾਗੀ ਜਥਿਆਂ ਨੇ ਗੁਰਬਾਣੀ ਦੇ ਕੀਰਤਨ ਨਾਲ ਨਿਹਾਲ ਕੀਤਾ ਤੇ ਭਾਈ ਹਰਜਿੰਦਰ ਸਿੰਘ ਚੰਡੀਗੜ੍ਹ ਨੇ ਅਰਦਾਸ ਕੀਤੀ।

— Shamsher Singh

CRIME

ਪੰਜਾਬ ਦੇ ਵਕੀਲ ਨੇ ਅਮਿਤਾਭ ਬੱਚਨ ਨੂੰ ਭੇਜਿਆ ਲੀਗਲ ਨੋਟਿਸ, KBC ਵਿਚ ਪੰਜਾਬ ਨੂੰ ਬਦਨਾਮ ਕਰਨ ਦੇ ਦੋਸ਼



ਪੰਜਾਬ ਦੇ ਵਕੀਲ ਨੇ ਅਮਿਤਾਭ ਬੱਚਨ ਨੂੰ ਭੇਜਿਆ ਲੀਗਲ ਨੋਟਿਸ, KBC ਵਿਚ ਪੰਜਾਬ ਨੂੰ ਬਦਨਾਮ ਕਰਨ ਦੇ ਦੋਸ਼

Sunday, Nov 22, 2026।

ਸੰਗਰੂਰ (ssm): ਪੰਜਾਬ ਦੇ ਇਕ ਵਕੀਲ ਅਦਾਕਾਰ ਅਮਿਤਾਭ ਬੱਚਨ ਅਤੇ ਸੋਨੀ ਟੀ. ਵੀ. ਨੂੰ ਇਕ ਲੀਗਲ ਨੋਟਿਸ ਭੇਜਿਆ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਸੋਨੀ ਟੀ. ਵੀ. ਦੇ ਸ਼ੋਅ ਕੌਣ ਬਣੇਗਾ ਕਰੋੜਪਤੀ ਵਿਚ ਐਂਕਰ ਅਮਿਤਾਭ ਬੱਚਨ ਵੱਲੋਂ ਇਕ ਪ੍ਰਤੀਯੋਗੀ ਤੋਂ ਪੁੱਛੇ ਗਏ ਸਵਾਲ ਰਾਹੀਂ ਪੰਜਾਬ ਨੂੰ ਬਦਨਾਮ ਕੀਤਾ ਗਿਆ।

ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ KBC ਵਿਚ ਇਹ ਸਵਾਲ ਪੁੱਛਿਆ ਗਿਆ ਕਿ 'ਹਾਲ ਹੀ ਵਿਚ ਕਿਹੜੇ ਸੂਬੇ ਵਿਚ ਅਪਰਾਧੀ ਥਾਣਿਆਂ ਵਿਚ ਬੰਬ ਬਲਾਸਟ ਕਰਨ ਤੋਂ ਨਹੀਂ ਡਰ ਰਹੇ'। ਸਵਾਲ ਦੇ ਜਵਾਬ ਲਈ ਦਿੱਤੇ ਵਿਕਲਪਾਂ ਵਿਚ ਪੰਜਾਬ ਵੀ ਸ਼ਾਮਲ ਸੀ ਅਤੇ ਪ੍ਰਤੀਯੋਗੀ ਦੇ ਛੱਤੀਸਗੜ੍ਹ ਚੁਣਨ 'ਤੇ ਅਮਿਤਾਭ ਬੱਚਨ ਵੱਲੋਂ ਪੰਜਾਬ ਨੂੰ ਸਹੀ ਜਵਾਬ ਕਰਾਰ ਦਿੱਤਾ ਗਿਆ। ਇਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋ ਰਹੀ ਹੈ। ਹਾਲਾਂਕਿ ਬਹੁ-ਗਿਣਤੀ ਲੋਕਾਂ ਵੱਲੋਂ ਇਹ ਵੀ ਆਖ਼ਿਆ ਜਾ ਰਿਹਾ ਹੈ ਕਿ ਇਹ ਵੀਡੀਓ ਕਲਿੱਪ ਅਸਲੀ ਨਹੀਂ ਹੈ, ਸਗੋਂ AI ਰਾਹੀਂ ਛੇੜਖਾਨੀ ਕਰ ਕੇ ਪਾਈ ਗਈ ਹੈ।

ਇਸ ਮਾਮਲੇ ਵਿਚ ਸੰਗਰੂਰ ਦੇ ਰਹਿਣ ਵਾਲੇ ਐਡਵੋਕੇਟ ਇੰਦਰਜੀਤ ਅਰੋੜਾ ਵੱਲੋਂ ਸ਼ੋਅ ਦੇ ਹੋਸਟ ਅਮਿਤਾਭ ਬੱਚਨ ਅਤੇ ਸੋਨੀ ਟੀ. ਵੀ. ਨੂੰ ਇਕ ਲੀਗਲ ਨੋਟਿਸ ਭੇਜਿਆ ਗਿਆ ਹੈ। ਇਸ ਵਿਚ ਉਨ੍ਹਾਂ ਨੂੰ ਪੰਜਾਬ ਦੇ ਲੋਕਾਂ ਤੋਂ ਬਿਨਾਂ ਕਿਸੇ ਸ਼ਰਤ ਦੇ ਮੁਆਫ਼ੀ ਮੰਗਣ ਅਤੇ ਵੀਡੀਓ ਨੂੰ ਹਟਵਾਉਣ ਦੀ ਗੱਲ ਆਖ਼ੀ ਗਈ ਹੈ। ਵਕੀਲ ਨੇ ਇਹ ਵੀ ਕਿਹਾ ਹੈ ਕਿ ਜੇਕਰ ਵੀਡੀਓ ਏ. ਆਈ. ਰਾਹੀਂ ਵੀ ਤਿਆਰ ਕੀਤੀ ਗਈ ਹੈ ਤਾਂ ਇਸ ਦਾ ਪਤਾ ਵੀ ਨੋਟਿਸ ਦਾ ਜਵਾਬ ਮਿਲਣ 'ਤੇ ਹੀ ਲੱਗ ਸਕਦਾ ਹੈ।

— Shamsher Singh

ਪੰਜਾਬ ''ਚ ਇਸ ਦਵਾਈ ''ਤੇ ਮੁਕੰਮਲ ਪਾਬੰਦੀ, ਕੈਮਿਸਟਾਂ ਨੂੰ ਨਵੇਂ ਹੁਕਮ ਜਾਰੀ, ਮਰੀਜ਼ਾਂ ਦੀ ਵਧੀ ਟੈਨਸ਼ਨ



ਪੰਜਾਬ "ਚ ਇਸ ਦਵਾਈ "ਤੇ ਮੁਕੰਮਲ ਪਾਬੰਦੀ, ਕੈਮਿਸਟਾਂ ਨੂੰ ਨਵੇਂ ਹੁਕਮ ਜਾਰੀ, ਮਰੀਜ਼ਾਂ ਦੀ ਵਧੀ ਟੈਨਸ਼ਨ

Sunday, Nov 22, 2026 ।

ਚੰਡੀਗੜ੍ਹ : ਪੰਜਾਬ 'ਚ ਪ੍ਰੈਗਾਬਲਿਨ ਦਵਾਈ ਦੀ ਵਿਕਰੀ ਅਤੇ ਭੰਡਾਰਨ ਕਰਨ 'ਤੇ ਪੂਰੀ ਤਰ੍ਹਾਂ ਪਾਬੰਦੀ ਲਾਈ ਗਈ ਹੈ। ਫੂਡ ਐਂਡ ਡਰੱਗਜ਼ ਐਡਮਿਨੀਸਟ੍ਰੇਸ਼ਨ ਦੇ ਜੁਆਇੰਟ ਕਮਿਸ਼ਨਰ (ਡਰੱਗਜ਼) ਸੰਜੀਵ ਕੁਮਾਰ ਵਲੋਂ 20 ਨਵੰਬਰ ਨੂੰ ਜਾਰੀ ਹੁਕਮਾਂ ਮੁਤਾਬਕ ਹੁਣ ਕੋਈ ਵੀ ਥੋਕ ਜਾ ਪ੍ਰਚੂਨ ਦਵਾਈ ਵਿਕਰੇਤਾ ਬਿਨਾਂ ਲਾਇਸੈਂਸਿੰਗ ਅਥਾਰਟੀ ਦੀ ਪਹਿਲਾਂ ਮਨਜ਼ੂਰੀ ਤੋਂ 75 ਐੱਮ. ਜੀ. ਤੋਂ ਵੱਧ ਤਾਕਤ ਵਾਲੀ ਪ੍ਰੈਗਾਬਲਿਨ ਦਵਾਈ ਨਹੀਂ ਰੱਖ ਸਕੇਗਾ। ਇਸ ਦੇ ਤਹਿਤ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਹਦੂਦ ਅੰਦਰ ਜ਼ਿਲ੍ਹਾ ਮੈਜਿਸਟ੍ਰੇਟ ਵਲੋਂ ਪ੍ਰੈਗਾਬਲਿਨ ਸਾਲਟ ਦੇ ਵੇਚੇ ਗਏ ਕੈਪਸੂਲ ਅਤੇ ਗੋਲੀਆਂ ਦੇ ਬਿੱਲ ਆਦਿ ਦੇ ਰਿਕਾਰਡ ਮੇਨਟੇਨ ਕਰਨ ਅਤੇ ਸਿਰਫ ਡਾਕਟਰ ਦੀ ਤਜਵੀਜ਼ ਸਲਿੱਪ ਰਾਹੀਂ ਹੀ ਵੇਚਣ ਦੇ ਹੁਕਮ ਦਿੱਤੇ ਗਏ ਹਨ। ਇਹ ਹੁਕਮ 29 ਦਸੰਬਰ, 2026 ਤੱਕ ਲਾਗੂ ਰਹਿਣਗੇ। ਦਰਅਸਲ ਪੰਜਾਬ ਸਰਕਾਰ ਵਲੋਂ ਇਹ ਫ਼ੈਸਲਾ ਇਸ ਦਵਾਈ ਦੀ ਨਸ਼ੇ ਵਜੋਂ ਦੁਰਵਰਤੋਂ ਰੋਕਣ ਲਈ ਲਿਆ ਗਿਆ ਹੈ।

ਪੰਜਾਬ 'ਚ ਦਵਾਈਆਂ ਦੀ ਨਸ਼ੇ ਵਜੋਂ ਵਰਤੋਂ ਨੂੰ ਲੈ ਕੇ ਵੱਧ ਰਹੀਆਂ ਚਿੰਤਾਵਾਂ ਅਤੇ ਪਰਵਿੰਦਰ ਝੋਟਾ ਦੇ ਕਤਲ ਮਾਮਲੇ ਤੋਂ ਬਾਅਦ ਇਹ ਮੁੱਦਾ ਮੁੜ ਚਰਚਾ 'ਚ ਆਇਆ ਹੈ। ਇਸ ਦੇ ਨਾਲ ਹੀ ਸਰਕਾਰ ਦਾ ਕਹਿਣਾ ਹੈ ਕਿ ਲੋੜਵੰਦ ਮਰੀਜ਼ਾਂ ਨੂੰ ਦਵਾਈ ਦੀ ਸਪਲਾਈ ਜਾਰੀ ਰੱਖਣ ਲਈ ਚੋਣਵੇਂ ਮੈਡੀਕਲ ਸਟੋਰਾਂ ਨੂੰ ਇਸ ਦੀ ਵਿਕਰੀ ਦੀ ਇਜਾਜ਼ਤ ਦਿੱਤੀ ਜਾਵੇਗੀ। ਇਸ ਫ਼ੈਸਲੇ ਨਾਲ ਉਨ੍ਹਾਂ ਮਰੀਜ਼ਾਂ ਦੀ ਟੈਨਸ਼ਨ ਵੱਧ ਗਈ ਹੈ, ਜੋ ਡਾਕਟਰਾਂ ਦੀ ਸਲਾਹ 'ਤੇ ਵੱਧ ਤਾਕਤ ਦੀ ਪ੍ਰੈਗਾਬਲਿਨ ਦਵਾਈ ਲੈ ਰਹੇ ਹਨ। ਇਕ ਪੰਜਾਬੀ ਅਖ਼ਬਾਰ ਦੀ ਖ਼ਬਰ ਮੁਤਾਬਕ ਸਟੇਟ ਕੈਮਿਸਟ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਸੁਦਰਸ਼ਨ ਚੌਧਰੀ ਮੁਤਾਬਕ ਸ਼ੂਗਰ ਕਾਰਨ ਨਸਾਂ ਦੀ ਬੀਮਾਰੀ ਤੋਂ ਪੀੜਤ ਮਰੀਜ਼ਾਂ ਨੂੰ ਡਾਕਟਰ ਰੋਜ਼ਾਨਾ 900 ਐੱਮ. ਜੀ. ਤੱਕ ਇਹ ਦਵਾਈ ਲਿਖ ਰਹੇ ਹਨ।

ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਰਹੱਦੀ ਇਲਾਕਿਆਂ ਦੇ ਮਰੀਜ਼ ਦਵਾਈ ਲੈਣ ਲਈ ਹਿਮਾਚਲ ਪ੍ਰਦੇਸ਼ ਦੇ ਮੈਡੀਕਲ ਸਟੋਰਾਂ 'ਤੇ ਵੀ ਜਾਂਦੇ ਰਹੇ ਹਨ, ਜਿੱਥੇ ਇਸ ਦਵਾਈ ਦੀ ਵਿਕਰੀ 'ਤੇ ਅਜਿਹੀਆਂ ਪਾਬੰਦੀਆਂ ਨਹੀਂ ਹਨ। ਨਵੇਂ ਹੁਕਮਾਂ ਕਾਰਨ ਮਰੀਜ਼ਾਂ ਨੂੰ ਹੁਣ ਦਵਾਈ ਲੈਣ ਲਈ ਸੀਮਤ ਗਿਣਤੀ ਦੇ ਮਨਜ਼ੂਰਸ਼ੁਦਾ ਮੈਡੀਕਲ ਸਟੋਰਾਂ 'ਤੇ ਨਿਰਭਰ ਰਹਿਣਾ ਪਵੇਗਾ। ਇਸ ਨਾਲ ਛੋਟੇ ਕਸਬਿਆਂ ਅਤੇ ਪੇਂਡੂ ਇਲਾਕਿਆਂ 'ਚ ਰਹਿਣ ਵਾਲੇ ਮਰੀਜ਼ਾਂ ਨੂੰ ਵਧੇਰੇ ਮੁਸ਼ਕਲ ਆ ਸਕਦੀ ਹੈ।

— Shamsher Singh

ENTERTAINMENT

ਲਾਈਵ ਕੰਸਰਟ 'ਚ ਵਿਦੇਸ਼ੀ ਫੈਨ ਨੇ ਦਿਲਜੀਤ ਨੂੰ ਕੀਤਾ Kiss ! ਸੋਸ਼ਲ ਮੀਡੀਆ 'ਤੇ ਅੱਗ ਵਾਂਗ ਵਾਇਰਲ ਹੋਈ ਵੀਡੀਓ



ਲਾਈਵ ਕੰਸਰਟ 'ਚ ਵਿਦੇਸ਼ੀ ਫੈਨ ਨੇ ਦਿਲਜੀਤ ਨੂੰ ਕੀਤਾ Kiss ! ਸੋਸ਼ਲ ਮੀਡੀਆ 'ਤੇ ਅੱਗ ਵਾਂਗ ਵਾਇਰਲ ਹੋਈ ਵੀਡੀਓ

Sunday, Nov 22, 2026 ।

ਦਿਲਜੀਤ ਦੋਸਾਂਝ ਨਾਲ ਅਹਿਮਦਾਬਾਦ ਵਿੱਚ ਕੰਸਰਟ ਦੌਰਾਨ ਸਟੇਜ 'ਤੇ ਇੱਕ ਅਜਿਹੀ ਘਟਨਾ ਵਾਪਰੀ ਜਿਸਦੀ ਉਮੀਦ ਨਹੀਂ ਸੀ। ਇਸ ਘਟਨਾ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ ਹੈ, ਜਿਸ ਵਿੱਚ ਦਿਖਾਈ ਦੇ ਰਿਹਾ ਹੈ ਕਿ ਇੱਕ ਮਹਿਲਾ ਪ੍ਰਸ਼ੰਸਕ ਦਿਲਜੀਤ ਦੇ ਨੇੜੇ ਆਉਂਦੀ ਹੈ ਅਤੇ ਉਨ੍ਹਾਂ ਦੇ ਚਿਹਰੇ 'ਤੇ ਕਿੱਸ ਕਰਨ ਦੀ ਕੋਸ਼ਿਸ਼ ਕਰਦੀ ਹੈ। ਜਦੋਂ ਉਹ ਔਰਤ ਦਿਲਜੀਤ ਵੱਲ ਝੁਕੀ, ਤਾਂ ਗਾਇਕ ਨੇ ਸ਼ੁਰੂ ਵਿੱਚ ਆਪਣਾ ਹੱਥ ਉੱਪਰ ਚੁੱਕਿਆ, ਜਿਵੇਂ ਕਿ ਉਹ ਉਸਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਹੋਣ। ਹਾਲਾਂਕਿ, ਸਟੇਜ ਤੋਂ ਜਾਣ ਤੋਂ ਪਹਿਲਾਂ, ਉਨ੍ਹਾਂ ਨੇ ਉਸ ਮਹਿਲਾ ਪ੍ਰਸ਼ੰਸਕ ਨੂੰ ਆਪਣੀ ਗੱਲ੍ਹ 'ਤੇ ਕਿੱਸ ਦੀ ਇਜਾਜ਼ਤ ਦੇ ਦਿੱਤੀ।

ਟੀਮ ਦੋਸਾਂਝ' ਨੇ ਇੰਸਟਾਗ੍ਰਾਮ 'ਤੇ ਕੰਸਰਟ ਦੀ ਇੱਕ ਵੀਡੀਓ ਸਾਂਝੀ ਕੀਤੀ, ਜਿਸ ਵਿੱਚ ਗਾਇਕ ਨੂੰ ਸਟੇਜ 'ਤੇ ਇੱਕ ਮਹਿਲਾ ਪ੍ਰਸ਼ੰਸਕ ਨਾਲ ਦੇਖਿਆ ਜਾ ਸਕਦਾ ਹੈ। ਇਸ ਦੌਰਾਨ, ਉਸ ਪ੍ਰਸ਼ੰਸਕ ਨੇ ਉਨ੍ਹਾਂ ਨੂੰ ਕਿੱਸ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਉਹ ਉਨ੍ਹਾਂ ਵੱਲ ਝੁਕੀ ਤਾਂ ਦਿਲਜੀਤ ਨੇ ਸ਼ੁਰੂ ਵਿੱਚ ਆਪਣਾ ਹੱਥ ਉੱਪਰ ਚੁੱਕ ਲਿਆ ਸੀ। ਇਸ ਘਟਨਾ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਗਾਇਕ ਨੇ ਕਿਹਾ, "ਦੇਖੋ, ਗੋਰੇ ਭੰਗੜਾ ਪਾ ਰਹੇ ਹਨ, ਮੈਮ। ਮੇਰੇ ਸ਼ੋਅ 'ਤੇ ਆਉਣ ਲਈ ਤੁਹਾਡਾ ਧੰਨਵਾਦ। ਮੇਰੀ ਅੰਗਰੇਜ਼ੀ 'ਹੈਂਡਸਮ' ਨਹੀਂ ਹੈ, ਪਰ ਮੈਂ ਖੁਦ 'ਹੈਂਡਸਮ' ਹਾਂ।" ਇਸ ਤੋਂ ਬਾਅਦ ਉਨ੍ਹਾਂ ਨੇ ਦੁਬਾਰਾ ਗਾਉਣਾ ਸ਼ੁਰੂ ਕੀਤਾ ਅਤੇ ਉਸ ਪ੍ਰਸ਼ੰਸਕ ਨੂੰ ਇੱਕ ਤੋਹਫ਼ਾ ਦਿੱਤਾ। ਸਟੇਜ ਤੋਂ ਜਾਣ ਤੋਂ ਪਹਿਲਾਂ, ਉਸ ਔਰਤ ਨੇ ਉਨ੍ਹਾਂ ਨੂੰ ਜੱਫੀ ਪਾਈ ਅਤੇ ਉਨ੍ਹਾਂ ਦੇ ਗੱਲ੍ਹ 'ਤੇ ਕਿੱਸ ਕੀਤੀ।

— Shamsher Singh

RELIGION

ਪ੍ਰਕਾਸ਼ ਪੁਰਬ ਲਈ ਸ੍ਰੀ ਨਨਕਾਣਾ ਸਾਹਿਬ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਰਵਾਨਾ, 1 ਦਸੰਬਰ ਨੂੰ ਆਵੇਗਾ ਵਾਪਸ



ਪ੍ਰਕਾਸ਼ ਪੁਰਬ ਲਈ ਸ੍ਰੀ ਨਨਕਾਣਾ ਸਾਹਿਬ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਰਵਾਨਾ, 1 ਦਸੰਬਰ ਨੂੰ ਆਵੇਗਾ ਵਾਪਸ

Sunday, Nov 22, 2026 ।

ਅੰਮ੍ਰਿਤਸਰ (ssm)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਯਾਨੀ 22 ਨਵ

ਇਟਲੀ, ਜਰਮਨੀ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ ਵਿਸਾਖੀ ਮੇਲਿਆਂ ਅਤੇ ਵੱਡੇ ਅੰਤਰਰਾਸ਼ਟਰੀ ਸ਼ੋਆਂ ਵਿੱਚ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਇਸ ਦੌਰਾਨ ਉਨ੍ਹਾਂ ਅੱਗੇ ਦੱਸਿਆ ਕਿ 'ਧੰਨ ਤੇਰੀ ਸਿੱਖੀ' ਐਲਬਮ ਦੀ ਵੀਡੀਓ ਸ਼ੂਟਿੰਗ ਪੂਰੀ ਹੋਣ ਤੋਂ ਤੁਰੰਤ ਬਾਅਦ ਉਨ੍ਹਾਂ ਦੀ ਗੱਡੀ ਦਾ ਇੱਕ ਬਹੁਤ ਹੀ ਭਿਆਨਕ ਐਕਸੀਡੈਂਟ ਹੋ ਗਿਆ ਸੀ। ਇਸ ਹਾਦਸੇ ਵਿੱਚ ਉਹਨਾਂ ਨੂੰ ਗੰਭੀਰ ਸੱਟਾਂ ਲੱਗੀਆਂ, ਜਿਸ ਤੋਂ ਬਾਅਦ ਉਹਨਾਂ ਦਾ ਲੰਬਾ ਇਲਾਜ ਪੀ.ਜੀ.ਆਈ. (PGI) ਚੰਡੀਗੜ੍ਹ ਵਿਖੇ ਚੱਲਿਆ। ਬਿੱਟੀ ਦੱਸਦੇ ਹਨ ਕਿ ਉਸ ਸਮੇਂ ਪੂਰੇ ਪੰਜਾਬ ਅਤੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਉਹਨਾਂ ਦੀ ਸਲਾਮਤੀ ਲਈ ਅਰਦਾਸਾਂ ਕੀਤੀਆਂ। ਉਹਨਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਦੀ ਅਪਾਰ ਕਿਰਪਾ ਅਤੇ ਸੰਗਤ ਦੀਆਂ ਦੁਆਵਾਂ ਕਰਕੇ ਹੀ ਉਹਨਾਂ ਨੂੰ ਨਵੀਂ ਜ਼ਿੰਦਗੀ ਮਿਲੀ।

— Shamsher Singh

SARKARI YOJANA

ਪੰਜਾਬ 'ਚ ਮੰਗਲਵਾਰ ਨੂੰ ਸਰਕਾਰੀ ਛੁੱਟੀ ਦਾ ਐਲਾਨ! ਬੰਦ ਰਹਿਣਗੇ ਸਕੂਲ-ਕਾਲਜ ਤੇ ਦਫ਼ਤਰ



ਪੰਜਾਬ 'ਚ ਮੰਗਲਵਾਰ ਨੂੰ ਸਰਕਾਰੀ ਛੁੱਟੀ ਦਾ ਐਲਾਨ! ਬੰਦ ਰਹਿਣਗੇ ਸਕੂਲ-ਕਾਲਜ ਤੇ ਦਫ਼ਤਰ

Sunday, Nov 22, 2026।


ਜਲੰਧਰ/ਚੰਡੀਗੜ੍ਹ (ਵੈੱਬ ਡੈਸਕ)- ਪੰਜਾਬ 'ਚ 24 ਨਵੰਬਰ ਦਿਨ ਮੰਗਲਵਾਰ ਨੂੰ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਇਸ ਦਿਨ ਸੂਬੇ ਦੇ ਸਾਰੇ ਸਕੂਲ, ਕਾਲਜ ਅਤੇ ਸਰਕਾਰੀ ਦਫ਼ਤਰ ਬੰਦ ਰਹਿਣਗੇ। ਦਰਅਸਲ ਪੰਜਾਬ ਸਰਕਾਰ ਦੇ ਕੈਲੰਡਰ ਮੁਤਾਬਕ 24 ਨਵੰਬਰ ਦਿਨ ਮੰਗਲਵਾਰ ਨੂੰ ਸ੍ਰੀ ਗੁਰੂ ਨਾਨਕ ਦੇਵ ਦਾ 557ਵਾਂ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ।

ਇਸੇ ਦੇ ਸਬੰਧ ਵਿਚ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ ਅਤੇ ਇਸ ਦਿਨ ਸੂਬੇ 'ਚ ਸਰਕਾਰੀ ਛੁੱਟੀ ਰਹੇਗੀ ਅਤੇ ਸਾਰੇ ਸਕੂਲ, ਕਾਲਜ ਅਤੇ ਸਰਕਾਰੀ ਅਦਾਰੇ ਬੰਦ ਰਹਿਣਗੇ। ਇਥੇ ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 16 ਨਵੰਬਰ ਨੂੰ ਸ. ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਮੌਕੇ ਸਰਕਾਰੀ ਛੁੱਟੀ ਐਲਾਨੀ ਗਈ ਸੀ, ਹੁਣ 24 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਵੀ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ।

— Shamsher Singh

AUTOMOBILE

ਪੁਰਾਣੇ ਵਾਹਨ ਚਲਾਉਣ ਵਾਲੇ ਸਾਵਧਾਨ, ਪੰਜਾਬ ''ਚ ਵੀ ਲਾਗੂ ਹੋਵੇਗਾ ਨਵਾਂ ਫ਼ਰਮਾਨ, ਹਰ 3 ਮਹੀਨੇ ਬਾਅਦ...



ਪੁਰਾਣੇ ਵਾਹਨ ਚਲਾਉਣ ਵਾਲੇ ਸਾਵਧਾਨ, ਪੰਜਾਬ "ਚ ਵੀ ਲਾਗੂ ਹੋਵੇਗਾ ਨਵਾਂ ਫ਼ਰਮਾਨ, ਹਰ 3 ਮਹੀਨੇ ਬਾਅਦ...

ਲੁਧਿਆਣਾ (need 24) : ਵਾਹਨਾਂ ਤੋਂ ਨਿਕਲਣ ਵਾਲੇ ਧੂੰਏਂ 'ਤੇ ਨਕੇਲ ਕੱਸਣ ਲਈ ਕੇਂਦਰ ਸਰਕਾਰ ਨੇ ਪ੍ਰਦੂਸ਼ਣ ਕੰਟਰੋਲ ਸਰਟੀਫਿਕੇਟ (ਪੀ. ਯੂ. ਸੀ.) ਦੀ ਮਿਆਦ ਸਬੰਧੀ ਨਿਯਮਾਂ 'ਚ ਤਬਦੀਲੀ ਕੀਤੀ ਹੈ। ਨਵੀਂ ਵਿਵਸਥਾ ਅਨੁਸਾਰ ਹੁਣ ਵਾਹਨ ਦੀ ਬੀ. ਐੱਸ. ਸ਼੍ਰੇਣੀ ਅਤੇ ਉਮਰ ਨੂੰ ਧਿਆਨ 'ਚ ਰੱਖਦਿਆਂ ਸਰਟੀਫਿਕੇਟ ਦੀ ਵੈਧਤਾ ਨਿਰਧਾਰਤ ਕੀਤੀ ਜਾਵੇਗੀ। ਇਸ ਦਾ ਸਿੱਧਾ ਅਸਰ ਵਾਹਨ ਮਾਲਕਾਂ ਅਤੇ ਟਰਾਂਸਪੋਰਟ ਕਾਰੋਬਾਰ ਨਾਲ ਜੁੜੇ ਲੋਕਾਂ 'ਤੇ ਪਵੇਗਾ। ਨਵੇਂ ਨਿਯਮਾਂ ਤਹਿਤ ਬੀ. ਐੱਸ-1, ਬੀ. ਐੱਸ-2 ਅਤੇ ਬੀ. ਐੱਸ-3 ਵਾਹਨਾਂ ਲਈ ਪੀ. ਯੂ. ਸੀ. ਦੀ ਮਿਆਦ ਸਿਰਫ਼ ਤਿੰਨ ਮਹੀਨੇ ਰੱਖੀ ਗਈ ਹੈ, ਜਦੋਂ ਕਿ ਬੀ. ਐੱਸ-4 ਵਾਹਨਾਂ ਨੂੰ 6 ਮਹੀਨੇ ਦੀ ਮਿਆਦ ਮਿਲੇਗੀ।

.ਐੱਸ-6 ਨਿੱਜੀ ਵਾਹਨਾਂ ਵਿੱਚ 6 ਸਾਲ ਤੱਕ ਦੀ ਉਮਰ ਵਾਲਿਆਂ ਲਈ ਤਿੰਨ ਸਾਲ, 6 ਤੋਂ 10 ਸਾਲ ਤੱਕ ਲਈ ਇਕ ਸਾਲ ਅਤੇ 10 ਸਾਲ ਤੋਂ ਵੱਧ ਪੁਰਾਣੇ ਵਾਹਨਾਂ ਲਈ 6 ਮਹੀਨੇ ਦੀ ਮਿਆਦ ਤੈਅ ਕੀਤੀ ਗਈ ਹੈ। ਵਪਾਰਕ ਵਾਹਨਾਂ ਲਈ ਨਿਯਮ ਕੁੱਝ ਵੱਖਰੇ ਹਨ। ਬੀ.ਐੱਸ-6 ਸ਼੍ਰੇਣੀ ਦੇ 6 ਸਾਲ ਤੱਕ ਪੁਰਾਣੇ ਵਪਾਰਕ ਵਾਹਨਾਂ ਦਾ ਸਰਟੀਫਿਕੇਟ 2 ਸਾਲ, 6 ਤੋਂ 10 ਸਾਲ ਤੱਕ ਵਾਲਿਆਂ ਦਾ ਇਕ ਸਾਲ ਅਤੇ 10 ਸਾਲ ਤੋਂ ਵੱਧ ਉਮਰ ਵਾਲਿਆਂ ਦਾ 6 ਮਹੀਨੇ ਲਈ ਵੈਧ ਰਹੇਗਾ। ਸਰਕਾਰ ਨੇ ਪਹਿਲਾਂ ਤੋਂ ਜਾਰੀ ਸਰਟੀਫਿਕੇਟਾਂ ਨੂੰ ਲੈ ਕੇ ਵੀ ਸਪੱਸ਼ਟਤਾ ਦਿੱਤੀ ਹੈ। ਮੌਜੂਦਾ ਪੀ. ਯੂ. ਸੀ. ਸਰਟੀਫਿਕੇਟ ਆਪਣੀ ਨਿਰਧਾਰਤ ਮਿਆਦ ਪੂਰੀ ਹੋਣ ਤੱਕ ਵੈਧ ਰਹਿਣਗੇ ਅਤੇ ਨਵੇਂ ਨਿਯਮ ਪਹਿਲੀ ਵਾਰ ਨਵੀਨੀਕਰਨ ਕਰਵਾਉਣ ਸਮੇਂ ਲਾਗੂ ਹੋਣਗੇ।

— Shamsher Singh

---ਵਿਸ਼ੇਸ਼ ਸਰਸਰੀ ਸੁਧਾਈ--- *ਰੋਲ ਆਬਜ਼ਰਵਰ ਰਾਮਵੀਰ ਸਿੰਘ ਵੱਲੋਂ ਵਿਸ਼ੇਸ਼ ਕੈਂਪਾਂ ਦਾ ਨਿਰੀਖਣ*



ਤਰਨ ਤਾਰਨ, 22 ਨਵੰਬਰ (ਪ੍ਰਕਾਸ਼ ਸਿੰਘ)

ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਮਿਤੀ 1 ਜਨਵਰੀ 2027 ਦੇ ਆਧਾਰ 'ਤੇ ਚੱਲ ਰਹੀ ਵੋਟਰ ਸੂਚੀਆਂ ਦੀ ਵਿਸ਼ੇਸ਼ ਸਰਸਰੀ ਸੁਧਾਈ ਤਹਿਤ ਅੱਜ ਜ਼ਿਲ੍ਹੇ ਵਿੱਚ ਲਗਾਏ ਗਏ ਵਿਸ਼ੇਸ਼ ਕੈਂਪਾਂ ਦਾ ਡਵੀਜ਼ਨਲ ਕਮਿਸ਼ਨਰ ਜਲੰਧਰ-ਕਮ-ਰੋਲ ਆਬਜ਼ਰਵਰ ਰਾਮਵੀਰ ਸਿੰਘ ਵੱਲੋਂ ਨਿਰੀਖਣ ਕੀਤਾ ਗਿਆ।

ਆਪਣੇ ਦੌਰੇ ਦੌਰਾਨ ਉਨ੍ਹਾਂ ਵਿਧਾਨ ਸਭਾ ਚੋਣ ਹਲਕਾ 024-ਖਡੂਰ ਸਾਹਿਬ ਦੇ 158, 159, 160 ਅਤੇ 161 ਨੰਬਰ ਪੋਲਿੰਗ ਬੂਥਾਂ ਦਾ ਨਿਰੀਖਣ ਕੀਤਾ ਅਤੇ ਪੋਲਿੰਗ ਬੂਥਾਂ 'ਤੇ ਮੌਜੂਦ ਬੂਥ ਲੈਵਲ ਅਫ਼ਸਰਾਂ ਵੱਲੋਂ ਵੋਟਰ ਸੂਚੀਆਂ 'ਤੇ ਦਾਅਵੇ ਤੇ ਇਤਰਾਜ਼ਾਂ ਸਬੰਧੀ ਕੀਤੇ ਜਾ ਰਹੇ ਕੰਮ ਦਾ ਜਾਇਜ਼ਾ ਲਿਆ। ਉਨ੍ਹਾਂ ਵਿਸ਼ੇਸ਼ ਸਰਸਰੀ ਸੁਧਾਈ ਤਹਿਤ ਵੋਟ ਬਣਾਉਣ ਤੋਂ ਰਹਿ ਗਏ ਵਿਅਕਤੀਆਂ ਅਤੇ ਯੋਗਤਾ ਮਿਤੀ 1 ਜਨਵਰੀ 2027 ਨੂੰ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਨੌਜਵਾਨਾਂ ਦੀ ਵੋਟ ਬਣਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਨੌਜਵਾਨ ਵੋਟਰਾਂ ਵੱਲੋਂ ਪ੍ਰਾਪਤ ਹੋਏ ਫਾਰਮ ਨੰਬਰ 6 ਦੇ ਸਟੇਟਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਹਾਸਿਲ ਕੀਤੀ। ਇਸ ਦੌਰਾਨ ਉਨ੍ਹਾਂ ਕੈਂਪਾਂ ਵਿੱਚ ਪਹੁੰਚੇ ਲੋਕਾਂ ਨਾਲ ਗੱਲਬਾਤ ਵੀ ਕੀਤੀ। ਤਰ੍ਹਾਂ 6 ਦਸੰਬਰ ਨੂੰ ਵੀ ਜ਼ਿਲ੍ਹੇ ਦੇ ਸਮੂਹ ਪੋਲਿੰਗ ਬੂਥਾਂ 'ਤੇ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਵਿਸ਼ੇਸ਼ ਕੈਂਪ ਲਗਾਏ ਜਾਣਗੇ, ਜਿਸ ਦੌਰਾਨ ਬੂਥ ਲੈਵਲ ਅਫ਼ਸਰ ਆਪਣੇ-ਆਪਣੇ ਪੋਲਿੰਗ ਬੂਥਾਂ 'ਤੇ ਮੌਜੂਦ ਰਹਿ ਕੇ ਦਾਅਵੇ ਤੇ ਇਤਰਾਜ਼ਾਂ ਸਬੰਧੀ ਫਾਰਮ ਪ੍ਰਾਪਤ ਕਰਨਗੇ।

ਡਵੀਜ਼ਨਲ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਯੋਗ ਨਾਗਰਿਕਾਂ ਨੂੰ ਵਿਸ਼ੇਸ਼ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਵੋਟਰ ਸੂਚੀਆਂ ਵਿੱਚ ਆਪਣੇ ਵੇਰਵਿਆਂ ਦੀ ਜਾਂਚ ਕਰਕੇ ਲੋੜੀਂਦੀ ਪ੍ਰਕਿਰਿਆ ਯਕੀਨੀ ਬਣਾਉਣ ਦੀ ਅਪੀਲ ਕੀਤੀ।

ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਟੋਲ ਫ੍ਰੀ ਨੰਬਰ 1950 ਜਾਰੀ ਕੀਤਾ ਗਿਆ ਹੈ, ਜਿਸ 'ਤੇ ਕੋਈ ਵੀ ਵੋਟਰ ਆਪਣੀ ਵੋਟ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਸੰਪਰਕ ਕਰ ਸਕਦਾ ਹੈ। ਇਸ ਮੌਕੇ ਉੱਪ ਮੰਡਲ ਮੈਜਿਸਟਰੇਟ ਖਡੂਰ ਸਾਹਿਬ ਸੰਜੀਵ ਸ਼ਰਮਾ, ਚੋਣ ਤਹਿਸੀਲਦਾਰ ਇੰਦਰਜੀਤ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ।

— Parkash singh

ਯੁੱਧ ਨਸ਼ਿਆਂ ਵਿਰੁੱਧ | ਤਰਨ ਤਾਰਨ ਪੁਲਿਸ



ਤਰਨ ਤਾਰਨ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਡੀ.ਐੱਸ.ਪੀ. ਸਪੈਸ਼ਲ ਕਰਾਈਮ ਵੱਲੋਂ ਨਸ਼ਾ ਪ੍ਰਭਾਵਿਤ ਪਿੰਡ ਜਗਤਪੁਰਾ ਦਾ ਦੌਰਾ ਕੀਤਾ ਗਿਆ।

ਇਸ ਮੌਕੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਵਾਸਤੇ ਖਿਡਾਰੀਆਂ ਨੂੰ ਵਾਲੀਬਾਲ ਕਿੱਟਾਂ ਵੰਡੀਆਂ ਗਈਆਂ।

ਤਰਨ ਤਾਰਨ ਪੁਲਿਸ ਨੌਜਵਾਨਾਂ ਦੀ ਤਾਕਤ ਨੂੰ ਸਹੀ ਦਿਸ਼ਾ ਦੇਣ ਅਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਵਚਨਬੱਧ ਹੈ।

— Parkash singh

CRIME

ਹੁਸ਼ਿਆਰਪੁਰ ਰੇਲਵੇ ਸਟੇਸ਼ਨ 'ਤੇ ਬਾਰਿਸ਼ ਦੌਰਾਨ ਲਾਸ਼ ਮਿਲੀ, ਖੌਫਨਾਕ ਹਾਦਸਾ



ਹੁਸ਼ਿਆਰਪੁਰ ਰੇਲਵੇ ਸਟੇਸ਼ਨ 'ਤੇ ਇਕਲੀ ਬਾਰਿਸ਼ ਦੌਰਾਨ ਲਾਸ਼ ਮਿਲੀ।

ਲਾਸ਼ ਦੀ ਖੋਜ ਹੁਸ਼ਿਆਰਪੁਰ, ਪੰਜਾਬ ਦੇ ਰੇਲਵੇ ਸਟੇਸ਼ਨ 'ਤੇ ਹੋਈ।

ਇਹ ਘਟਨਾ ਬਹੁਤ ਖੌਫਨਾਕ ਮੰਨੀ ਗਈ।

— Amandeep Singh

ਜਲੰਧਰ ਦੇ ਵਰਕਾ ਵਿੱਚ ਸੁਰੱਖਿਆ ਗਾਰਡਾਂ ਨੂੰ ਠੇਕੇਦਾਰ ਵੱਲੋਂ ਪੂਰੀ ਤਨਖਾਹ ਨਹੀਂ ਮਿਲ ਰਹੀ



ਜਲੰਧਰ, ਪੰਜਾਬ – ਵਰਕਾ ਡੇਅਰੀ ਦੇ ਸੁਰੱਖਿਆ ਗਾਰਡਾਂ, ਜੋ ਫਿਰੋਜ਼ਪੁਰ ਤੋਂ ਹਨ ਅਤੇ ਹਰਜਿੰਦਰ ਦੀ ਅਗਵਾਈ ਹੇਠ ਹਨ, ਨੇ ਠੇਕੇਦਾਰ ਵੱਲੋਂ ਪੂਰੀ ਤਨਖਾਹ ਨਾ ਮਿਲਣ ਦੀ ਸ਼ਿਕਾਇਤ ਕੀਤੀ ਹੈ।

ਗਾਰਡਾਂ ਦਾ ਦਾਅਵਾ ਹੈ ਕਿ ਉਹ ਨਿਯਮਤ ਸ਼ਿਫਟਾਂ ਕਰਦੇ ਹੋਏ ਵੀ ਸਿਰਫ਼ ਹਿੱਸਾ ਤਨਖਾਹ ਹੀ ਪ੍ਰਾਪਤ ਕਰ ਰਹੇ ਹਨ, ਜਿਸ ਕਰਕੇ ਉਨ੍ਹਾਂ ਦੀਆਂ ਆਰਥਿਕ ਜ਼ਰੂਰਤਾਂ ਪੂਰੀਆਂ ਨਹੀਂ ਹੋ ਰਹੀਆਂ।

ਉਹਨਾਂ ਨੇ ਵਰਕਾ ਪ੍ਰਬੰਧਨ ਨੂੰ ਇਸ ਮਾਮਲੇ ਦੀ ਜਾਣਕਾਰੀ ਦਿੱਤੀ ਹੈ; ਪ੍ਰਬੰਧਨ ਨੇ ਕਿਹਾ ਕਿ ਉਹ ਜਾਂਚ ਕਰੇਗਾ ਅਤੇ ਲੇਬਰ ਕਾਨੂੰਨਾਂ ਦੀ ਪਾਲਣਾ ਯਕੀਨੀ ਬਣਾਏਗਾ।

ਇਹ ਮੁੱਦਾ ਖੇਤਰ ਵਿੱਚ ਠੇਕੇਦਾਰ ਅਧਾਰਤ ਸੁਰੱਖਿਆ ਸੇਵਾਵਾਂ ਵਿੱਚ ਤਨਖਾਹ ਦੇਰੀਆਂ ਬਾਰੇ ਵਿਆਪਕ ਚਿੰਤਾ ਨੂੰ ਉਜਾਗਰ ਕਰਦਾ ਹੈ।

ਜੇ ਠੇਕੇਦਾਰ ਬਕਾਇਆ ਰਕਮ ਨਹੀਂ ਚੁਕਾਉਂਦਾ, ਤਾਂ ਲੋੜੀਂਦੇ ਅਧਿਕਾਰੀਆਂ ਹਸਤਖੇਪ ਕਰ ਸਕਦੇ ਹਨ।

— Sunny Kumar, Jalandhar

CRIME

ਜਲੰਧਰ ਦੇ ਵਰਕਾ ਮਿਲਕ ਪਲਾਂਟ 'ਚ ਗਾਰਡਾਂ ਨੂੰ ਤਨਖਾਹ ਦੀ ਅਧੂਰੀ ਭੁਗਤਾਨ



ਜਲੰਧਰ, ਪੰਜਾਬ – ਵਰਕਾ ਮਿਲਕ ਪਲਾਂਟ ਵਿੱਚ ਕੰਮ ਕਰਦੇ ਸੁਰੱਖਿਆ ਗਾਰਡਾਂ ਨੂੰ ਹਾਰਜਿੰਦਰ (ਫ਼ੈਰਾਜ਼ਵਾਲਾ) ਵੱਲੋਂ ਤਨਖਾਹ ਦੀ ਪੂਰੀ ਰਕਮ ਨਹੀਂ ਦਿੱਤੀ ਜਾ ਰਹੀ, ਜਿਸ ਕਾਰਨ ਉਨ੍ਹਾਂ ਵਿੱਚ ਅਨਿਆਇ ਦੀ ਸ਼ਿਕਾਇਤ ਉਠੀ ਹੈ।

ਗਾਰਡਾਂ ਨੇ ਦੱਸਿਆ ਕਿ ਉਨ੍ਹਾਂ ਦੀ ਮਹੀਨਾਵਾਰ ਤਨਖਾਹ ਵਿੱਚ ਕਈ ਹਫ਼ਤਿਆਂ ਦੀ ਕਟੌਤੀ ਕੀਤੀ ਗਈ ਹੈ, ਜੋ ਕਿ ਉਨ੍ਹਾਂ ਦੇ ਕਰਾਰ ਅਤੇ ਕਾਨੂੰਨੀ ਹੱਕਾਂ ਦੇ ਵਿਰੁੱਧ ਹੈ। ਹਾਰਜਿੰਦਰ, ਜੋ ਕਿ ਗਾਰਡਾਂ ਦੀ ਤਨਖਾਹ ਦੇਣ ਲਈ ਜ਼ਿੰਮੇਵਾਰ ਹੈ, ਨੇ ਇਸ ਮਾਮਲੇ 'ਤੇ ਕੋਈ ਸਪਸ਼ਟ ਜਵਾਬ ਨਹੀਂ ਦਿੱਤਾ।

ਇਸ ਘਟਨਾ ਨੇ ਵਰਕਾ ਮਿਲਕ ਪਲਾਂਟ ਵਿੱਚ ਕਰਮਚਾਰੀਆਂ ਦੇ ਮਨੋਬਲ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਉਨ੍ਹਾਂ ਨੇ ਉਚਿਤ ਕਦਮ ਚੁੱਕਣ ਦੀ ਮੰਗ ਕੀਤੀ ਹੈ, ਤਾਂ ਜੋ ਤਨਖਾਹ ਦੀ ਪੂਰੀ ਰਕਮ ਸਮੇਂ 'ਤੇ ਦਿੱਤੀ ਜਾ ਸਕੇ।

— Sunny Kumar, Jalandhar

ਸ੍ਰੀ ਗੁਰੂ ਨਾਨਕ ਸੇਵਕ ਸਭਾ ਮਾਡਲ ਕਲੋਨੀ ਵਿੱਚ ਪ੍ਰਕਾਸ਼ ਪੁਰਬ ਲਈ ਪ੍ਰਭਾਤ ਫੇਰੀ ਦੀ ਸ਼ੁਰੂਆਤ



ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਯਾਦ ਵਿੱਚ ਸ੍ਰੀ ਗੁਰੂ ਨਾਨਕ ਸੇਵਕ ਸਭਾ ਮਾਡਲ ਕਲੋਨੀ ਗੁਰਦੁਆਰੇ ਨੇ ਪ੍ਰਭਾਤ ਫੇਰੀ ਦੀ ਸ਼ੁਰੂਆਤ ਕੀਤੀ।

ਫੇਰੀ ਦੀ ਸ਼ੁਰੂਆਤ ਮਾਡਲ ਕਲੋਨੀ ਗੁਰਦੁਆਰੇ ਤੋਂ ਹੋਈ ਅਤੇ ਇਸ ਨੂੰ ਨਗਰ ਕੀਰਤਨ ਦੇ ਰੂਪ ਵਿੱਚ ਪਰਿਕਰਮਾ ਕਰਦੇ ਹੋਏ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਪਹੁੰਚਾਇਆ ਗਿਆ।

ਸੂਬੇਦਾਰ ਜੋਗਿੰਦਰ ਸਿੰਘ ਨੇ ਆਪਣੇ ਘਰ ਵਿੱਚ ਹਰ ਜਸ ਕੀਰਤਨ ਕਰਕੇ ਪ੍ਰਭਾਤ ਫੇਰੀ ਵਿੱਚ ਹਾਜ਼ਰੀ ਭਰੀ, ਜਿਸ ਨਾਲ ਸਮੂਹ ਦੀ ਆਧਿਆਤਮਿਕ ਮਹੱਤਤਾ ਵਧੀ।

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਮਾਡਲ ਕਲੋਨੀ ਵਲੋਂ ਪਰਿਵਾਰ ਅਤੇ ਸੰਗਤਾਂ ਦਾ ਬਹੁਤ ਧੰਨਵਾਦ ਕੀਤਾ ਗਿਆ। ਸੰਪਰਕ ਲਈ ਫੋਨ ਨੰਬਰ 9316250700 ਅਤੇ 8847206061 ਦਿੱਤੇ ਗਏ ਹਨ।

— Sajjad Alam, Ludhiana

RELIGION

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀ ਮਾਡਲ ਕਲੋਨੀ ਗੁਰਦੁਆਰੇ ਤੋਂ ਸ਼ੁਰੂ



ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀ ਗੁਰਦੁਆਰਾ ਸ੍ਰੀ ਗੁਰੂ ਨਾਨਕ ਸੇਵਕ ਸਭਾ ਮਾਡਲ ਕਲੋਨੀ ਤੋਂ ਆਰੰਭ ਹੋਈ, ਜੋ ਨਗਰ ਕੀਰਤਨ ਦੇ ਰੂਪ ਵਿੱਚ ਪਰਿਕਰਮਾ ਕਰਦੀ ਹੋਈ ਸ਼ਹਿਰ ਦੇ ਵੱਖ-ਵੱਖ ਮੁਹੱਲਿਆਂ ਤੱਕ ਗਈ।

ਸੂਬੇਦਾਰ ਜੋਗਿੰਦਰ ਸਿੰਘ ਨੇ ਆਪਣੇ ਘਰ ਵਿੱਚ ਹਰ ਜਸ ਕੀਰਤਨ ਕਰਦੇ ਹੋਏ ਪ੍ਰਭਾਤ ਫੇਰੀ ਵਿੱਚ ਹਾਜ਼ਰੀ ਭਰਨ ਲਈ ਆਪਣੇ ਪਰਿਵਾਰ ਅਤੇ ਸੰਗਤ ਨੂੰ ਸੱਦਾ ਦਿੱਤਾ, ਜਿਸ ਨਾਲ ਵੱਡੀ ਭੀੜ ਇਕੱਠੀ ਹੋਈ।

ਗੁਰਦੁਆਰਾ ਪ੍ਰਬੰਧਕ ਕਮੇਟੀ ਮਾਡਲ ਕਲੋਨੀ ਨੇ ਹਾਜ਼ਰੀ ਦੇਣ ਵਾਲਿਆਂ ਦਾ ਬਹੁਤ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਤਰ੍ਹਾਂ ਦੀਆਂ ਸਮਾਗਮਾਂ ਨਾਲ ਧਾਰਮਿਕ ਇਕਤਾ ਅਤੇ ਸਾਂਝ ਵਧਦੀ ਹੈ।

— Sajjad Alam, Ludhiana